All rights reserved.

ੴ

"ਸ੍ਵਰਾਜ ਮੇਰਾ ਜਮਾਦਰੂ ਹਕ ਹੈ
ਅਤੇ ਮੈਂ ਇਸਨੂੰ ਲੈਕੇ ਰਹਾਂਗਾ"

( ਤਿਲਕ ਜੀ )

G. 607

# ਜੀਵਨ

## ਤਿਲਕ ਜੀ ਮਹਾਰਾਜ

ਪ੍ਰਕਾਸ਼ਕ
ਅਕਾਲ ਏਜੰਨਸੀ
ਲਾਹੌਰ

# ਮੁਢ

ਪਯਾਰੇ ਪੰਜਾਬ ਵਾਸੀਓ !

ਤੁਸੀ ਹਰ ਰੋਜ਼ ਸੰਤਾਂ ਅਤੇ ਭਗਤਾਂ ਦੀਆਂ ਕਥਾ ਤੇ ਸਾਖੀਆਂ ਸੁਣਨ ਹਿਲੇ ਹੋਏ ਹੋ। ਆਓ ਅਜ ਆਪ ਨੂੰ ਇਕ ਨਵੇਂ ਸਚੇ ਦੇਸ਼ ਤੇ ਈਸ਼ਰ ਭਗਤ, ਸਚੇ ਬੀਰ ਅਤੇ ਭਾਰਤ ਸਪੂਤ ਦੀ ਕਹਾਣੀ ਸੁਣਾਈਏ। ਭਾਵੇਂ ਇਸ ਨੇ ਧੂਣੀਆਂ ਨਹੀਂ ਤਪੀਆਂ ਅਤੇ ਜੰਗਲਾਂ ਵਿਚ ਜਾਕੇ ਸ਼ਰੀਰ ਨੂੰ ਕਸ਼ਟ ਨਹੀਂ ਦਿਤੇ ਪਰ ਇਸ ਨੇ ਪਯਾਰੇ ਵਤਨ ਦੇ ਪਯਾਰ ਬਦਲੇ ਜੇਹਲਾਂ ਦੀਆਂ ਗੁਫਾਂ ਵਿਚ ਕਈ ਸਾਲ ਅਡੋਲ ਭਗਤੀ ਕੀਤੀ ਹੈ। ਲਖਾਂ ਸਾਧ ਤੇ ਸੰਤ ਧੂਣੀਆਂ ਤਪਦੇ ਤੇ ਸ਼ਰੀਰ ਨੂੰ ਕਸ਼ਟ ਦੇ ਦੇਕੇ ਵਿਖਾਂਦੇ ਰਹੇ ਜਿਨ੍ਹਾਂ ਨਾਲ ਕੁਝ ਨ ਬਣਿਆ ਭਾਰਤ ਦੇ ਗਲੋਂ ਗੁਲਾਮੀ ਦੀ ਪੰਜਾਲੀ ਨ ਲਥੀ ਤਿਲਕ ਮਹਾਰਾਜ ਦੇ ਇਸ ਤਪ ਨੇ ਭਾਰਤ ਵਰਸ਼ ਵਿਚ ਪਲਟਾ ਪੈਦਾ ਕਰ ਦਿਤਾ ਅਤੇ ਇਕ ਨਵਾਂ ਸੁਤੰਤ੍ਰ ਜੀਵਨ ਪ੍ਰਗਟ ਹੋਗਿਆ। ਮੈਂ ਚਾਹੁੰਦਾ ਹਾਂ ਕਿ ਘਰ ਘਰ ਇਸ ਦੇਸ ਭਗਤ ਤੇ ਮਹਾਂਬੀਰ ਦੀ ਕਥਾ ਹੋਵੇ, ਪੰਜਾਬ ਦਾ ਬਚਾ ਬਚਾ ਤਿਲਕ ਜੀ ਦੇ ਜੀਵਨ ਨੂੰ ਕੰਠ ਕਰੇ ਅਤੇ ਤਿਲਕ ਜੀ ਦੇ ਪੂਰਨਿਆਂ ਤੇ ਤੁਰਕੇ ਆਪਣਾ ਜੀਵਨ ਸਫਲ ਕਰੇ॥

ਏਠ ਪੰਜਾਬੀ ਬੋਲੀ ਵਿਚ ਉਂਜ ਹੀ ਪੁਸਤਕਾਂ ਘਟ ਹਨ ਪਰ ਰਾਜਸੀ ਲੇਖਾਂ ਦੀਆਂ ਪੋਥੀਆਂ ਉਕੀਆਂ ਹੀ ਨਹੀਂ ॥

ਹੁਣ ਤਾਂ ਚਾਰੇ ਪਾਸੇ ਸੁਤੰਤ੍ਰਤਾ ਦੀ ਵਾਉ ਵਗ ਰਹੀ ਹੈ ਅਤੇ ਦੁਨੀਆਂ ਦੇ ਸਾਰੇ ਦੇਸ਼ ਇਸੇ ਵਾਉ ਨਾਲ ਅਰੋਗ ਹੋਏ ਹਨ ॥

ਦਾਸ ਦਾ ਇਹ ਨਿਮਾਣਾ ਯਤਨ ਕੇਵਲ ਇਸ ਲਈ ਹੈ ਕਿ ਪੰਜਾਬੀ ਵੀਰਾਂ ਨੂੰ ਸੁਤੰਤ੍ਰ ਖਿਆਲਾਂ ਵਾਲੇ ਦੇਸ਼ ਭਗਤਾਂ ਦੇ ਜੀਵਨ ਅਤੇ ਉਨ੍ਹਾਂ ਦੇ ਉਪਦੇਸ਼ ਸੁਣਾਕੇ ਇਨ੍ਹਾਂ ਨੂੰ ਵੀ ਸੁਤੰਤ੍ਰਤਾ ਦੇ ਵਾਯੂ ਮੰਡਲ ਵਿਚ ਅਨੰਦ ਲੈਣ ਲਈ ਆਂਦਾ ਜਾਵੇ ॥

ਭਾਰਤ ਵਰਸ਼ ਭਾਰਤ ਵਾਸੀਆਂ ਦਾ ਹੈ ਪਰ ਇਨ੍ਹਾਂ ਨੂੰ ਕਈ ਢੰਗਾਂ ਨਾਲ ਇਹ ਪਾਠ ਪੜ੍ਹਾ ਪੜ੍ਹਾਕੇ ਨਿਸਚੇ ਕਰਾਯਾ ਗਿਆ ਹੈ ਕਿ ਅੰਗਰੇਜ਼ ਇਕ ਰਾਜਾ ਕੌਮ ਹੈ ਅਤੇ ਭਾਰਤ ਵਾਸੀ ਗਲਾਮ ਪ੍ਰਜਾ, ਇਕ ਸਾਧਾਰਨ ਚਿਟੇ ਰੰਗ ਵਾਲਾ ਗੋਰਾ ਵੀ ਰਾਜ ਮਦ ਵਿਚ ਮਤਾ ਹੋਯਾ ਵਡੇ ਪਤਵੰਤੇ ਭਾਰਤ ਵਾਸੀ ਦੀ ਪੱਤ ਲਾਹ ਲੈਣ ਦੀ ਦਲੇਰੀ ਰਖਦਾ ਹੈ ॥



ਜੰਮਾਦ੍ਰੂ ਹਕ ਹੈ ਅਤੇ ਅਸੀ ਜ਼ਰੂਰ ਇਸਨੂੰ ਲੈਕੇ ਛਡਾਂਗੇ। ਜਿਸ ਤਰਾਂ ਇਕ ਦੁਕਾਨ ਦਾ ਇਕ ਛੋਟਾ ਬਚਾ ਮਾਲਕ ਹੈ ਪਿਤਾ ਨੇ ਦੁਕਾਨ ਉਤੇ ਕੋਈ ਮੁਨੀਮ ਰਖ ਛਡਿਆ ਹੈ ਬਚਾ ਵਡਾ ਅਤੇ ਸਿਆਣਾ ਹੋਕੇ ਅਪਣੀ ਦੁਕਾਨ ਅਤੇ ਘਰ ਬਾਰ ਨੂੰ ਸਾਂਭ ਲਵੇਗਾ ਜੇ ਮੁਨੀਮ ਆਖੇ ਕਿ ਮੈਂ ਵੀਹਾਂ ਸਾਲਾਂ ਤੋਂ ਇਹ ਦੁਕਾਨ ਤੇ ਘਰ ਬਾਰ ਸਾਂਭੇ ਹੋਏ ਹਨ ਹੁਣ ਤੂੰ ਇਕ ਕੋਠੀ ਲੇ ਲੈ ਦੋ ਸਾਲ ਨੂੰ ਦੂਜੀ ਲੈ ਲਵੀਂ ਇਸੇ ਤਰਾਂ ਸਹਿਜ ਸਹਿਜ ਸਾਰਾ ਘਰ ਬਾਰ ਸਾਂਭ ਲਵੀਂ ਤਾਂ ਏਹ ਮੁਨੀਮ ਦੀ ਚੰਗੀ ਨੀਤ ਨਹੀਂ ਮਾਲਕ ਦੀ ਚੀਜ਼ ਮਾਲਕ ਨੂੰ ਦੇਣੀ ਚਾਹੀਦੀ ਹੈ ॥

ਇਸੇ ਤਰ੍ਹਾਂ ਭਾਰਤ ਵਰਸ਼ ਭਾਰਤ ਵਾਸੀਆਂ ਦਾ ਹੈ। ਤਿਲਕ ਜੀ ਦਾ ਏਹ ਪਾਠ ਹੁਣ ਸਾਰੇ ਭਾਰਤ ਵਾਸੀਆਂ ਨੂੰ ਕੰਠ ਹੋਗਿਆ ਹੈ ਪਰ ਪੰਜਾਬੀ ਵੀਰ ਰਾਜਸੀ ਵਿਦਯਾ ਵਿਚ ਪਿਛੇ ਹਨ ਇਸ ਲਈ ਇਨ੍ਹਾਂ ਨੂੰ ਇਹ ਪਾਠ ਯਾਦ ਕਰਨ ਲਈ ਮੈਂ ਤਿਲਕ ਜੀ ਦਾ ਜੀਵਨ ਪੰਜਾਬੀ ਅਖਰਾਂ ਵਿਚ ਇਨ੍ਹਾਂ ਦੀ ਭੇਟ ਕਰਦਾ ਹਾਂ ॥

ਇਸ ਨੂੰ ਪੜ੍ਹਕੇ ਜੇ ਕਿਸੇ ਇਕ ਅਧ ਪੰਜਾਬੀ ਵੀਰ ਭੈਣ ਦੇ ਦਿਲ ਵਿਚ ਵੀ ਦੇਸ਼ ਸੇਵਾ ਕੌਮੀ ਸੇਵਾ ਦੀ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.